ਗਰੇਡ 4 ਵਿਚਲੇ ਵਿਦਿਆਰਥੀਆਂ ਲਈ, ਟੀਚਰ ਉਨ੍ਹਾਂ ਵਿਸ਼ਿਆਂ `ਤੇ ਹੀ ਰਿਪੋਰਟ ਦਿੰਦੇ ਹਨ ਜਿਨ੍ਹਾਂ `ਤੇ ਗਰੇਡ ਕੇ ਤੋਂ 3 ਤੱਕ ਦਿੱਤੀ ਜਾਂਦੀ ਹੈ।

ਪਰ, ਗਰੇਡ 4 ਵਿਚ ਬਹੁਤੇ ਸਕੂਲ ਲੈਟਰ ਗਰੇਡਾਂ ਦੀ ਵਰਤੋਂ ਕਰਦੇ ਹੋਏ ਵਿਚਾਰਾਂ ਨਾਲ ਰਿਪੋਰਟ ਦਿੰਦੇ ਹਨ।

ਗਰੇਡ 5, 6, ਅਤੇ 7 ਵਿਚਲੇ ਵਿਦਿਆਰਥੀਆਂ ਲਈ ਟੀਚਰ ਉਨ੍ਹਾਂ ਵਿਸ਼ਿਆਂ `ਤੇ ਰਿਪੋਰਟ ਦਿੰਦੇ ਹਨ ਜਿਨ੍ਹਾਂ `ਤੇ ਗਰੇਡ ਕੇ ਤੋਂ ਗਰੇਡ 4 ਤੱਕ ਦਿੱਤੀ ਜਾਂਦੀ ਹੈ।

ਪਰ, ਗਰੇਡ 5 ਤੋਂ ਸ਼ੁਰੂ ਕਰਕੇ, ਵਿਦਿਆਰਥੀ ਇਕ ਵਾਧੂ ਜ਼ਬਾਨ ਪੜ੍ਹਦੇ ਹਨ। ਬਹੁਤੇ ਕੇਸਾਂ ਵਿਚ ਇਹ ਜ਼ਬਾਨ ਫਰੈਂਚ ਹੁੰਦੀ ਹੈ।

ਗਰੇਡ 4 ਦੀਆਂ ਰਿਪੋਰਟਾਂ ਵਾਂਗ, ਬਹੁਤੇ ਵਿਦਿਆਰਥੀਆਂ ਨੂੰ ਵਿਚਾਰਾਂ ਸਮੇਤ ਲੈਟਰ ਗਰੇਡ ਮਿਲਦੇ ਹਨ।

ਗਰੇਡ 8 ਵਿਚਲੇ ਵਿਦਿਆਰਥੀਆਂ ਲਈ ਟੀਚਰ ਉਨ੍ਹਾਂ ਵਿਸ਼ਿਆਂ `ਤੇ ਰਿਪੋਰਟ ਦਿੰਦੇ ਹਨ ਜਿਨ੍ਹਾਂ `ਤੇ ਗਰੇਡ ਕੇ ਤੋਂ ਗਰੇਡ 7 ਤੱਕ ਦਿੱਤੀ ਜਾਂਦੀ ਹੈ।

ਗਰੇਡ 8 ਤੋਂ ਸ਼ੁਰੂ ਕਰਕੇ, ਵਿਦਿਆਰਥੀ ਫਾਈਨ ਆਰਟਸ ਵਿਚਲੇ ਇਨ੍ਹਾਂ ਖੇਤਰਾਂ ਵਿੱਚੋਂ ਕਿਸੇ ਇਕ ਦੀ ਪੜ੍ਹਾਈ ਕਰਨ ਦੀ ਚੋਣ ਕਰ ਸਕਦੇ ਹਨ: ਡਾਂਸ, ਡਰਾਮਾ, ਸੰਗੀਤ, ਜਾਂ ਵਿਜ਼ੂਅਲ ਆਰਟਸ। ਇਸ ਤੋਂ ਇਲਾਵਾ, ਵਿਦਿਆਰਥੀ ਅਪਲਾਈਡ ਸਕਿੱਲਜ਼ ਵਿੱਚੋਂ ਕਿਸੇ ਕੋਰਸ ਦੀ ਚੋਣ ਕਰਦੇ ਹਨ ਜਿਸ ਵਿਚ ਟੈਕਨੋਲੋਜੀ ਦੀ ਪੜ੍ਹਾਈ, ਇਨਫਰਮੇਸ਼ਨ ਟੈਕਨੋਲੋਜੀ, ਹੋਮ ਇਕਨੌਮਿਕਸ, ਜਾਂ ਬਿਜ਼ਨਸ ਦੀ ਪੜ੍ਹਾਈ ਸ਼ਾਮਲ ਹੋ ਸਕਦੇ ਹਨ।

ਹਰ ਵਿਸ਼ੇ ਵਿਚ ਹਰ ਟਰਮ ਵਿਚ ਲੈਟਰ ਗਰੇਡ ਦਿੱਤੇ ਜਾਂਦੇ ਹਨ।

ਗਰੇਡ 9 ਤੋਂ ਗਰੇਡ 12 ਵਿਚਲੇ ਵਿਦਿਆਰਥੀਆਂ ਲਈ, ਟੀਚਰ ਸਾਰੇ ਵਿਸ਼ਿਆਂ `ਤੇ ਰਿਪੋਰਟ ਦਿੰਦੇ ਹਨ। ਟੀਚਰ-ਕੌਂਸਲਰ ਇਹ ਪੱਕਾ ਕਰਦੇ ਹਨ ਕਿ ਵਿਦਿਆਰਥੀ ਉਨ੍ਹਾਂ ਵਿਸ਼ਿਆਂ ਦੀ ਚੋਣ ਕਰਨ ਜਿਨ੍ਹਾਂ ਦੀ ਉਨ੍ਹਾਂ ਨੂੰ ਗਰੈਜੂਏਟ ਹੋਣ ਲਈ ਲੋੜ ਪਵੇਗੀ। ਜਿਹੜੇ ਵਿਦਿਆਰਥੀ ਕਿਸੇ ਖਾਸ ਪੋਸਟ-ਸੈਕੰਡਰੀ ਸੰਸਥਾ ਵਿਚ ਦਾਖਲ ਹੋਣਾ ਚਾਹੁੰਦੇ ਹਨ, ਉਨ੍ਹਾਂ ਲਈ ਟੀਚਰ-ਕੌਂਸਲਰ ਇਹ ਪੱਕਾ ਕਰਦੇ ਹਨ ਕਿ ਉਹ ਸ਼ਰਤਾਂ ਪੂਰੀਆਂ ਕਰਨ ਵਾਲੇ ਲੋੜੀਂਦੇ ਕੋਰਸਾਂ ਦੀ ਚੋਣ ਕਰਨ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ **ਬੀ ਸੀ ਵਿਚ ਗਰੈਜੂਏਸ਼ਨ ਦੀਆਂ ਸ਼ਰਤਾਂ** ਨਾਂ ਦਾ ਬਰੋਸ਼ਰ ਦੇਖੋ।

**“Report Cards in BC”**

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਮਿਲੀ ਮਾਇਕ ਸਹਾਇਤਾ ਨਾਲ ਇਹ ਪ੍ਰਾਜੈੱਕਟ ਸੰਭਵ ਹੋਇਆ ਹੈ।

# ਬੀ ਸੀ ਵਿਚ ਰਿਪੋਰਟ ਕਾਰਡ



## ਜ਼ਰੂਰੀ ਜਾਣਕਾਰੀ ਜਿਹੜੀ ਮਾਪਿਆਂ ਨੂੰ ਜਾਣਨ ਦੀ ਲੋੜ ਹੈ

## ਰਿਪੋਰਟ ਕਾਰਡ ਕੀ ਹਨ?

ਰਿਪੋਰਟ ਕਾਰਡ ਕਾਨੂੰਨੀ ਪੇਪਰ (ਡਾਕੂਮੈਂਟਸ) ਹਨ ਜਿਹੜੇ ਤੁਹਾਡੇ ਬੱਚੇ ਦੇ ਟੀਚਰ ਵਲੋਂ ਤੁਹਾਡੇ ਬੱਚੇ ਦੀ ਤਰੱਕੀ ਬਾਰੇ ਦੱਸਣ ਲਈ ਲਿਖੇ ਜਾਂਦੇ ਹਨ।

## ਰਿਪੋਰਟ ਕਾਰਡ ਘਰ ਨੂੰ ਕਿੰਨੀ ਕੁ ਵਾਰੀ ਭੇਜੇ ਜਾਂਦੇ ਹਨ?

ਰਸਮੀ ਲਿਖਤੀ ਰਿਪੋਰਟਾਂ ਘਰ ਨੂੰ ਸਾਲ ਵਿਚ ਤਿੰਨ ਵਾਰੀ ਭੇਜੀਆਂ ਜਾਂਦੀਆਂ ਹਨ। ਭੇਜਣ ਦੀਆਂ ਤਾਰੀਕਾਂ ਹਰ ਸਕੂਲ ਦੀਆਂ ਵੱਖਰੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਦੋ ਗੈਰਰਸਮੀ ਰਿਪੋਰਟਾਂ ਹੁੰਦੀਆਂ ਹਨ। ਗੈਰਰਸਮੀ ਰਿਪੋਰਟਾਂ ਵਿਚ ਸ਼ਾਮਲ ਹੋ ਸਕਦੇ ਹਨ:

- ਟੈਲੀਫੋਨ ਕਾਲਾਂ;
- ਈਮੇਲਾਂ;
- ਵਿਦਿਆਰਥੀ ਦੀ ਹਾਜ਼ਰੀ ਵਿਚ ਮੀਟਿੰਗਾਂ;
- ਮਾਪੇ-ਟੀਚਰ ਵਿਚਕਾਰ ਮੀਟਿੰਗਾਂ; ਜਾਂ
- ਤੁਹਾਡੇ ਬੱਚੇ ਦੇ ਏਜੰਡੇ/ਪਲੈਨਰ ਵਿਚ ਨੋਟ ਲਿਖਣਾ।

## ਰਿਪੋਰਟ ਕਾਰਡ ਵਿਚ ਕਿਹੜੀ ਜਾਣਕਾਰੀ ਸ਼ਾਮਲ ਕੀਤੀ ਜਾਂਦੀ ਹੈ?

ਰਿਪੋਰਟ ਕਾਰਡ ਮਾਪਿਆਂ ਨੂੰ ਬੱਚੇ ਦੀ ਪੜ੍ਹਾਈ ਦੀ ਤਰੱਕੀ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਇਨ੍ਹਾਂ ਵਿਚ ਬੱਚੇ ਦੇ ਵਤੀਰੇ, ਕੰਮ ਕਰਨ ਦੀਆਂ ਆਦਤਾਂ ਅਤੇ ਕੋਸ਼ਿਸ਼ਾਂ ਬਾਰੇ ਵੀ ਦੱਸਿਆ ਗਿਆ ਹੁੰਦਾ ਹੈ। ਸਾਰੇ ਰਿਪੋਰਟ ਕਾਰਡਾਂ ਵਿਚ ਅੱਗੇ ਲਿਖੀ ਜਾਣਕਾਰੀ ਸ਼ਾਮਲ ਹੁੰਦੀ ਹੈ:

- ਸਕੂਲ ਦਾ ਨਾਂ, ਐਡਰੈਸ, ਅਤੇ ਫੋਨ ਨੰਬਰ;
- ਤੁਹਾਡੇ ਬੱਚੇ ਦਾ ਨਾਂ;
- ਰਿਪੋਰਟ ਲਿਖਣ ਵਾਲੇ ਟੀਚਰ (ਟੀਚਰਾਂ) ਦੇ ਨਾਂ ਅਤੇ ਦਸਤਖਤ;
- ਸਕੂਲ ਦੇ ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਦਾ ਨਾਂ ਅਤੇ ਦਸਤਖਤ;
- ਇਹ ਵਰਣਨ ਕਿ ਲੈਟਰ (ਅੱਖਰਾਂ ਨਾਲ) ਗਰੇਡਾਂ ਅਤੇ ਕੰਮ ਦੀਆਂ ਆਦਤਾਂ ਦੇ ਚਿੰਨ੍ਹਾਂ ਦਾ ਕੀ ਮਤਲਬ ਹੈ;
- ਉਨ੍ਹਾਂ ਦਿਨਾਂ ਦੀ ਗਿਣਤੀ ਜਿੰਨੇ ਦਿਨ ਤੁਹਾਡਾ ਬੱਚਾ ਲੇਟ ਸੀ ਅਤੇ ਸਕੂਲ ਤੋਂ ਗੈਰਹਾਜ਼ਰ ਸੀ;
- ਤੁਹਾਡੇ ਬੱਚੇ ਦੀਆਂ ਮਜ਼ਬੂਤੀਆਂ ਅਤੇ ਪ੍ਰਾਪਤੀਆਂ ਦਾ ਬਿਆਨ;
- ਭਵਿੱਖ ਦੀ ਪੜ੍ਹਾਈ ਲਈ ਟੀਚੇ; ਅਤੇ
- ਘਰ ਵਿਖੇ ਪੜ੍ਹਾਈ ਵਿਚ ਮਦਦ ਕਰਨ ਦੇ ਤਰੀਕੇ।

ਗਰੇਡ ਕੇ ਤੋਂ ਗਰੇਡ 7 ਤੱਕ ਦੇ ਵਿਦਿਆਰਥੀਆਂ ਲਈ, ਮਾਪੇ ਰਿਪੋਰਟ ਕਾਰਡ ਆਪਣੇ ਕੋਲ ਰੱਖਦੇ ਹਨ, ਪਰ ਉਨ੍ਹਾਂ ਨੂੰ ਰਿਪੋਰਟ ਕਾਰਡ ਵਾਲੇ ਲਿਫਾਫੇ `ਤੇ ਦਸਤਖਤ ਕਰਨ ਲਈ ਕਿਹਾ ਜਾਂਦਾ ਹੈ ਤਾਂ ਜੋ ਇਹ ਪਤਾ ਲੱਗੇ ਕਿ ਉਨ੍ਹਾਂ ਨੇ ਰਿਪੋਰਟ ਦੇਖ ਲਈ ਹੈ। ਇਹ ਲਿਫਾਫੇ ਸਕੂਲ ਨੂੰ ਵਾਪਸ ਕਰ ਦਿੱਤੇ ਜਾਂਦੇ ਹਨ ਅਤੇ ਅਗਲੀ ਰਿਪੋਰਟ ਲਈ ਫਿਰ ਵਰਤੇ ਜਾਂਦੇ ਹਨ।

## ਟੀਚਰ ਕਿਹੜੇ ਵਿਸ਼ਿਆਂ `ਤੇ ਰਿਪੋਰਟ ਦਿੰਦੇ ਹਨ?

ਟੀਚਰਾਂ ਨੂੰ, ਹਰ ਵਿਸ਼ੇ ਵਿਚ ਗਰੇਡ ਦੇ ਪੱਧਰ ਦੀਆਂ ਉਮੀਦਾਂ ਪੂਰੀਆਂ ਕਰਨ ਬਾਰੇ ਵਿਦਿਆਰਥੀਆਂ ਦੀ ਸਮਰੱਥਾ ਬਾਰੇ ਲੈਟਰ ਗਰੇਡ ਅਤੇ/ਜਾਂ ਵਿਚਾਰ ਦੇਣੇ ਪੈਂਦੇ ਹਨ।

ਬਹੁਤੇ ਵਿਸ਼ਿਆਂ ਬਾਰੇ ਰਿਪੋਰਟ ਕਰਨ ਦੇ ਹਰ ਸਮੇਂ ਵਿਚ ਰਿਪੋਰਟ ਦਿੱਤੀ ਜਾਂਦੀ ਹੈ। ਗਰੇਡ ਕੇ ਤੋਂ 3 ਵਿਚ ਤਰੱਕੀ ਦੀ ਰਿਪੋਰਟ ਸਿਰਫ ਵਿਚਾਰ ਦੇ ਕੇ ਕੀਤੀ ਜਾਂਦੀ ਹੈ।

ਕਿੰਡਰਗਾਰਟਨ, ਗਰੇਡ 1, 2, ਅਤੇ 3 ਵਿਚਲੇ ਵਿਦਿਆਰਥੀਆਂ ਲਈ ਟੀਚਰਾਂ ਇਨ੍ਹਾਂ ਬਾਰੇ ਰਿਪੋਰਟ ਦਿੰਦੇ ਹਨ:

- ਅੰਗਰੇਜ਼ੀ ਜ਼ਬਾਨ ਦੇ ਹੁਨਰ (ਸੁਣਨਾ, ਬੋਲਣਾ, ਪੜ੍ਹਣਾ, ਲਿਖਣਾ, ਦੇਖਣਾ, ਅਤੇ ਵਰਣਨ ਕਰਨਾ);
- ਸੋਸ਼ਲ ਸਟੱਡੀਜ਼;
- ਹਿਸਾਬ;
- ਸਾਇੰਸ;
- ਸਰੀਰਕ ਸਿੱਖਿਆ;
- ਫਾਈਨ ਆਰਟਸ (ਡਾਂਸ, ਡਰਾਮਾ, ਸੰਗੀਤ, ਅਤੇ ਵਿਜ਼ੂਅਲ ਆਰਟਸ);
- ਸਿਹਤ ਅਤੇ ਕਿੱਤੇ ਦੀ ਸਿੱਖਿਆ; ਅਤੇ
- ਰੋਜ਼ਾਨਾ ਸਰੀਰਕ ਕਸਰਤ।

